Weekly

# CANADA SIKH TIMES

24 - 30 September, 2023 | ਕੈਨੇਡਾ ਸਿੱਖ ਟਾਈਮਜ਼ | Volume 1 Issue 17



## Amazon to hire 6,000 workers in Canada for full-part time and seasonal jobs




Amazon.com Inc. says it is ramping up to hire more than 6,000 people across Canada. The Seattle-based e-commerce giant says the new hires will cover full-time, seasonal and part-time roles. They will work across Amazon's operations network in jobs that involve picking, packing, sorting and shipping customer orders.

The hiring comes as Amazon is investing more than $70 million in pay increases for fulfillment and transportation employees, who will see their average hourly wage rise to $21 from $17 in 2018.

Under the new compensation plan, hourly full- and part-time employees will receive pay increases every six months until their 24-month anniversary and another increase at their 36th month. Amazon runs more than 60 logistics sites in Canada and has two new locations on the way this year.

## ਕੈਨੇਡਾ ਤੋਂ ਆਈ ਰਾਹਤ ਦੀ ਖ਼ਬਰ ਵੀਜ਼ਿਆਂ ਬਾਰੇ ਵੱਡਾ ਬਿਆਨ ਆਇਆ ਸਾਹਮਣੇ

ਕੈਨੇਡਾ ਤੋਂ ਰਾਹਤ ਦੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਹਾਈ ਕਮਿਸ਼ਨ ਨੇ ਇਹ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਵੱਲੋਂ ਭਾਰਤ ਵਿਚ ਵੀਜ਼ਿਆਂ ਉਤੇ ਕੋਈ ਰੋਕ ਨਹੀਂ ਲਗਾਈ ਹੈ ਤੇ ਸਾਰੀ ਪ੍ਰਕ੍ਰਿਆ ਆਮ ਵਾਂਗ ਚੱਲ ਰਹੀ ਹੈ। ਭਾਰਤ ਵਿਚ ਸਾਡੇ ਸਾਰੇ ਕੌਂਸਲੇਟਸ ਕੰਮ ਕਰ ਰਹੇ ਹਨ। ਸਰਕਾਰ ਅਜਿਹਾ ਕੋਈ ਫੈਸਲਾ ਨਹੀਂ ਲੈਣ ਜਾ ਰਹੀ ਹੈ।



ਦੱਸ ਦਈਏ ਕਿ ਭਾਰਤ ਨੇ ਕੈਨੇਡਾ ਵਿੱਚ ਵੀਜ਼ਾ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਹੈ। ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਅਰਜ਼ੀਆਂ ਦੀ ਸ਼ੁਰੂਆਤੀ ਜਾਂਚ ਕਰਨ ਵਾਲੀ ਨਿੱਜੀ ਏਜੰਸੀ ਨੇ ਆਪਣੀ ਵੈੱਬਸਾਈਟ ਉਤੇ ਨੋਟਿਸ ਜਾਰੀ ਕੀਤਾ ਹੈ ਕਿ ਭਾਰਤੀ ਵੀਜ਼ਾ ਸੇਵਾਵਾਂ ਨੂੰ ਅਗਲੇ ਨੋਟਿਸ ਤੱਕ ਮੁਅੱਤਲ ਕਰ ਦਿੱਤਾ ਗਿਆ ਹੈ।

ਇਸ ਤੋਂ ਬਾਅਦ ਖਦਸ਼ਾ ਜਤਾਇਆ ਜਾ ਰਿਹਾ ਸੀ ਕਿ ਪ੍ਰਤਿਕਿਰਿਆ ਵਜੋਂ ਕੈਨੇਡਾ ਵੀ ਅਜਿਹਾ ਕੋਈ ਫੈਸਲਾ ਲੈ ਸਕਦਾ ਹੈ। ਪਰ ਕੈਨੇਡਾ ਹਾਈ ਕਮਿਸ਼ਨ ਨੇ ਸਪਸ਼ਟ ਕੀਤਾ ਹੈ ਕਿ ਉਹ ਫਿਲਹਾਲ ਲਈ ਅਜਿਹਾ ਕੋਈ ਫੈਸਲਾਂ ਨਹੀਂ ਲੈ ਰਹੇ ਹਨ। ਇਸ ਦੌਰਾਨ ਕੈਨੇਡਾ ਦੇ ਹਾਈ ਕਮਿਸ਼ਨ ਨੇ ਭਾਰਤ ਸਰਕਾਰ ਨੂੰ ਅਪੀਲ ਵੀ ਕੀਤੀ ਹੈ ਕਿ ਉਹ ਦਿੱਲੀ ਸਥਿਤ ਕੈਨੇਡੀਅਨ ਅੰਬੈਸੀ ਸਮੇਤ ਹੋਰਨਾਂ ਥਾਵਾਂ 'ਤੇ ਕੰਮ ਕਰ ਰਹੇ ਡਿਪਲੋਮੈਟਾਂ ਅਤੇ ਅਧਿਕਾਰੀਆਂ ਦੀ ਸੁਰੱਖਿਆ ਯਕੀਨੀ ਬਣਾਏ। ਇਸਦੇ ਨਾਲ ਹੀ ਵੈਨਕੂਵਰ ਵਿੱਚ ਵੱਖਵਾਦੀਆਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਉਥੋਂ ਦੇ ਭਾਰਤੀ ਕੌਂਸਲੇਟ ਦੀ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ।

## ਟਹਲ ਕਰਹੁ ਤਉ ਏਕ ਕੀ




ਧਾਰਮਿਕ ਸਥਾਨਾਂ ਤੇ ਲੱਗੀਆਂ ਭੀੜਾਂ ਦੱਸ ਰਹੀਆਂ ਹਨ ਕਿ ਅੱਜ ਵੀ ਸ਼ਰਧਾਲੂ ਬਹੁਤ ਹਨ। ਕਈ ਵਾਰੀ ਤਾਂ ਇਤਿਹਾਸਕ ਗੁਰਦੁਆਰਿਆਂ ਵਿੱਚ ਵਿਸ਼ੇਸ ਗੁਰਪੁਰਬਾਂ 'ਤੇ ਮੱਥਾ ਟੇਕਣ ਲਈ ਘੰਟਿਆਂ ਬੱਧੀ ਕਤਾਰ ਵਿੱਚ ਖਲੋਣਾ ਵੀ ਪੈਂਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਗਏ ਤਾਬਿਆ ਬੈਠੇ ਗ੍ਰੰਥੀ ਦੀ ਪਿੱਠ ਨੂੰ ਵੀ ਜਾ ਮੱਥਾ ਟੇਕਦੇ ਹਾਂ। ਇੱਥੋਂ ਤੱਕ ਕਿ ਜਿੱਥੇ ਕੋਈ ਗ੍ਰੰਥੀ ਜਾਂ ਪਾਠੀ ਸਿੰਘ ਪੈਰ ਰੱਖਦਾ ਹੈ ਸ਼ਰਧਾਲੂ ਉਸ ਥਾਂ 'ਤੇ ਹੀ ਮੱਥਾ ਟੇਕਣ ਨੂੰ ਆਪਣੇ ਵੱਡਭਾਗ ਸਮਝਦੇ ਹਨ। ਸੋਚਣ ਵਾਲੀ ਗੱਲ ਹੈ ਕਿ ਸਿਰਫ ਗੁਰਦੁਆਰਿਓਂ ਹੋ ਕੇ ਆਉਣ ਨਾਲ ਸਾਡਾ ਕੋਈ ਉਧਾਰ ਹੋ ਸਕਦਾ ਹੈ? ਕੀ ਸਿਰਫ ਗੁਰੂ ਸਾਹਿਬ ਜੀ ਨੂੰ ਮੱਥਾ ਟੇਕਣ ਨਾਲ ਜਾਂ ਦਰਸ਼ਨ ਕਰਨ ਨਾਲ ਅਸੀਂ ਵਿਕਾਰਾਂ ਵਲੋਂ ਮੁਕਤ ਹੋ ਸਕਦੇ ਹਾਂ? ਇਸ ਬਾਬਤ ਗੁਰੂ ਸਾਹਿਬ ਲਿਖਦੇ ਹਨ: ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ ਭਾਵ ਸਾਰਾ ਸੰਸਾਰ ਮੱਥਾ ਤਾਂ ਟੇਕ ਰਿਹਾ ਹੈ ਪਰ ਵਿਕਾਰਾਂ ਤੋਂ ਮੁਕਤ ਨਹੀਂ ਹੋ ਰਿਹਾ। ਜਿੰਨ੍ਹਾਂ ਚਿਰ ਮਨੁੱਖ ਸ਼ਬਦ ਦੀ ਵਿਚਾਰ ਨੂੰ ਆਪਣੀ ਸੋਚ ਦਾ ਹਿੱਸਾ ਨਹੀਂ ਬਣਾਉਂਦਾ ਉਨਾਂ ਚਿਰ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਦਾ। ਸੋ ਮੱਥਾ ਟੇਕਣ ਦੇ ਨਾਲ ਨਾਲ ਉਹਨਾਂ ਦੀਆਂ ਸਿਖਿਆਵਾਂ ਨੂੰ ਵੀ ਗ੍ਰਹਿਣ ਕਰਨ ਦੀ ਅਤੇ ਟੇਕ ਸ਼ਬਦ ਵਿਚਾਰ ਤੇ ਰੱਖਣ ਦੀ ਜ਼ਿਆਦਾ ਲੋੜ ਹੈ: ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ॥

– ਪੁਸਤਕ **ਆਗਾਹਾ ਕੂ ਤ੍ਰਾਘਿ** 'ਚੋਂ

# DESH VIDESH

## ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

– ਮਮਤਾ ਕੌਰ, ਹਜ਼ਾਰੀਬਾਗ ਝਾਰਖੰਡ



ਸ੍ਰੀ ਗੁਰੂ ਨਾਨਕ ਸਾਹਿਬ ਜੀ ਜਿਹੜੀ ਬਾਣੀ ਉਚਾਰਦੇ ਸਨ, ਉਹ ਇੱਕ ਪੋਥੀ ਵਿੱਚ ਲਿਖ ਲੈਂਦੇ ਸਨ। ਐਸੇ ਪੋਥੀ ਵਿੱਚ ਉਨ੍ਹਾਂ ਨੇ ਉਹ ਬਾਣੀ ਵੀ ਦਰਜ ਕਰ ਲਈ ਸੀ, ਜਿਹੜੀ ਧਰਮ ਪ੍ਰਚਾਰ ਲਈ ਲਾਈਆਂ ਉਦਾਸੀਆਂ ਸਮੇਂ ਵੱਖ- ਵੱਖ ਭਗਤਾਂ ਦੇ ਸ਼ਰਧਾਲੂਆਂ ਅਤੇ ਬਾਬਾ ਸ਼ੇਖ਼ ਫ਼ਰੀਦ ਜੀ ਦੀ ਗੱਦੀ ਤੇ ਗਿਆਰਵੀਂ ਥਾ, ਬੈਠੇ ਸ਼ੇਖ਼ ਬ੍ਰਹਮ ਤੋਂ ਪ੍ਰਾਪਤ ਕੀਤੀ ਸੀ।ਇਹ ਪੋਥੀ ਗੁਰੂ ਜੀ ਹਮੇਸ਼ਾ ਆਪਣੇ ਕੋਲ ਰਖਦੇ ਸਨ।

ਜਦੋਂ ਗੁਰੂ ਨਾਨਕ ਸਾਹਿਬ ਜੀ (1539 ਈਸਵੀ) ਨੇ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ ਜੀ) ਨੂੰ ਗੁਰਿਆਈ ਬਖ਼ਸ਼ੀ ਤਾਂ ਬਾਣੀ ਦੀ ਪੋਥੀ ਵੀ ਉਨ੍ਹਾਂ ਨੂੰ ਦੇ ਦਿੱਤੀ। ਇਸ ਤੱਥ ਦਾ ਉਲੇਖ 'ਪੁਰਾਤਨ ਜਨਮ ਸਾਖੀ' ਵਿੱਚ ਇੰਝ ਕੀਤਾ ਗਿਆ ਹੈ- "ਤਿਤ ਮਹਲ ਜੋ ਸ਼ਬਦ ਹੋਆ ਸੋ ਪੋਥੀ ਗੁਰੂ ਅੰਗਦ ਜੋਗ ਮਿਲੀ।"

1. ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 15 ਭਗਤਾਂ ਦੀ ਬਾਣੀ ਦੇ 774 ਸ਼ਬਦ ਔਰ ਆਪਣੀ ਬਾਣੀ 19 ਰਾਗਾਂ ਵਿੱਚ 958 ਸ਼ਬਦ ਆਪਣੇ ਉਤਾਰੇ ਹੋਏ ਦਿੱਤੇ।
2. ਗੁਰੂ ਅੰਗਦ ਸਾਹਿਬ ਜੀ ਨੇ (੧੫੫੨ ਈ) ਨੂੰ ਆਪਨੇ ੬੩ ਸ਼ਲੋਕ ਰਾਲਾ ਕੇ ਗੁਰੂ ਅਮਰਦਾਸ ਸਾਹਿਬ ਜੀ ਨੂੰ ਦਿੱਤੇ।
3. ਗੁਰੂ ਅਮਰਦਾਸ ਸਾਹਿਬ ਜੀ ਨੇ (੧੫੭੪ ਈ) ਨੂੰ ੧੭ ਰਾਗਾਂ ਵਿਚ ੮੯੫ ਸ਼ਬਦ ਆਪਨੇ ਰਾਲਾ ਕੇ ਗੁਰੂ ਰਾਮਦਾਸ ਜੀ ਨੂੰ ਦਿੱਤੇ।
4. ਗੁਰੂ ਰਾਮਦਾਸ ਜੀ ਨੇ (੧੫੮੧ ਈ) ਆਪਨੇ ੩੦ ਰਾਗਾਂ ਵਿੱਚ ਉੱਚਾਰਿਤ ੬੪੭ ਸ਼ਬਦ ਰਾਲਾਂ ਕੇ ਗੁਰੂ ਅਰਜਨ ਸਾਹਿਬ ਜੀ ਨੂੰ ਦਿੱਤੇ।
5. ਗੁਰੂ ਅਰਜਨ ਸਾਹਿਬ ਜੀ ਨੇ ਵੀ ੩੦ ਰਾਗਾਂ ਵਿੱਚ ੨੩੧੨ ਸ਼ਬਦ ਉਚਾਰਣ ਕੀਤੇ। ਗੁਰੂ ਅਰਜਨ ਸਾਹਿਬ ਜੀ ਪਾਸ ਬਾਬਾ ਸੁੰਦਰ ਜੀ ਦੀ 'ਸਦ' ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਦੀ ਰਾਮਕਲੀ ਬਾਣੀ, ੧੧ ਭੱਟਾਂ ਦੇ ੧੨੩ ਸਵਾਈਯੇ (ਪਹਿਲੇ ਗੁਰੂ ਜੀ ਦੇ ੧੦, ਦੂਜੇ ਗੁਰੂ ਜੀ ਦੇ ੧੦, ਤੀਜੇ ਗੁਰੂ ਜੀ ਦੇ ੨੨, ਚੋਥੇ ਗੁਰੂ ਜੀ ਦੇ ੬੦, ਪੰਜਵੇਂ ਗੁਰੂ ਜੀ ਦੇ ੨੧ ਸਵਾਈਯੇ ਕੁਲ = ੧੨੩ ਸਵਾਈਯੇ) ਸਨ।

ਗੁਰੂ ਅਰਜਨ ਸਾਹਿਬ ਜੀ ਨੇ ਸਾਰੀ ਬਾਣੀ ਨੂੰ ਨਵੇਂ ਸਿਰਿਓ ਰਾਗਾਂ ਅਨੁਸਾਰ ਤਰਤੀਬ ਦੇਣ ਦਾ ਫੈਸਲਾ ਕੀਤਾ, ਗੁਰਬਾਣੀ ਦੇ ਸ਼ਬਦ ਜੋੜ (ਸਪੈਲਿੰਗ) ਇਕਸਾਰ ਕਰਨੇ ਸਨ ਤੇ ਗੁਰਬਾਣੀ ਨੂੰ ਵਿਸ਼ੇਸ਼ ਨਿਯਮਾਂ ਅਨੁਸਾਰ ਲਿਖਣਾ ਸੀ, ਕਵੀ ਦੇ ਦ੍ਰਿਸ਼ਟੀਕੋਣ ਤੋਂ ਬਾਣੀ ਕਈ ਕਿਸਮਾਂ ਦੇ ਕਾਵ ਛੰਤਾਂ- ਸ਼ਬਦ, ਅਸਟਪਦੀਆ ਛੰਤ, ਵਾਰ, ਸ਼ਲੋਕ ਆਦਿ ਵਿਚ ਲਿਖੀ ਹੋਈ ਸੀ, ਗੁਰੂ ਅਰਜਨ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਨੂੰ ਯੋਗ ਜਾਣਿਆ ਤੇ ਸਾਰਾ ਵਿਉਂਤ ਸਮਝਾ ਕੇ ਬਾਣੀ ਨਵੇਂ ਸਿਰਿਓ ਸੰਪਾਦਨ ਕਰ ਕੇ ਲਿਖਣ ਦੀ ਸੇਵਾ ਬਖ਼ਸ਼ ਦਿੱਤੀ।

ਗੁਰੂ ਅਰਜਨ ਸਾਹਿਬ ਜੀ ਨੇ ਸ਼ਲੋਕ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਕਰ ਦਿੱਤੇ। ਜਿਹੜੇ ਸ਼ਲੋਕ ਬਚ ਗਏ ਉਹ 'ਸ਼ਲੋਕ ਵਾਰਾਂ ਤੇ ਵਧੀਕ' ਦੇ ਸਿਰਲੇਖ ਥੱਲੇ ਲਿਖ ਦਿੱਤੇ ਗਏ। ਕੁਲ ੨੨ ਵਾਰਾਂ ਹਨ ਜਿਸ ਵਿਚ ੨੧ ਵਾਰਾਂ ਗੁਰੂ ਸਾਹਿਬਾਨ ਦੀਆਂ ( ਗੁਰੂ ਨਾਨਕ ਸਾਹਿਬ ਜੀ ਦੀਆਂ ਚਾਰ ਵਾਰਾਂ, ਗੁਰੂ ਅਮਰਦਾਸ ਸਾਹਿਬ ਜੀ ਦੀਆਂ ਤਿੰਨ ਵਾਰਾਂ, ਗੁਰੂ ਰਾਮਦਾਸ ਸਾਹਿਬ ਜੀ ਦੀਆਂ ਅੱਠ ਵਾਰਾਂ, ਗੁਰੂ ਅਰਜਨ ਸਾਹਿਬ ਜੀ ਦੀਆਂ ਛੇ ਵਾਰਾਂ) ਤੇ ਇੱਕ ਵਾਰ 'ਸਤੇ ਬਲਵੰਡ' ਜੀ ਦੀ ਹੈ।

ਉਦੋਂ ਸਾਰੀ ਬਾਣੀ ੩੦ ਰਾਗਾਂ ਵਿੱਚ ਦਰਜ ਸੀ, ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਇੱਕ ਹੋਰ ਰਾਗ 'ਜੈਜਾਵੰਤੀ' ਤੇ ਹੋਰ ਬਾਕੀ ਬਾਣੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਈ। ਮੌਜੂਦਾ ੩੧ ਰਾਗਾਂ ਵਿੱਚ ਵਿੱਚ ਬਾਣੀ-ਸਿਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਤੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਾਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰ, ਭੈਰਓ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ, ਜੈਜਾਵੰਤੀ।

ਭਾਈ ਗੁਰਦਾਸ ਜੀ ਨੂੰ ਸਾਰੀ ਬਾਣੀ ਲਿਖਣ ਵਿਚ ਦੇੜ (੧+੧/੨) ਸਾਲ ਲਗਾ, ਭਾਦਰੋਂ ਵਦੀ। ਸੰਮੰਤ ੧੬੬੧ (ਸਨ ੧੬੦੪) ਨੂੰ ਸੰਪੂਰਣ ਹੋਈ ਇਸ ਬੀੜ ਦੇ ੯੭੪ ਪਤੱਰੇ (ਅੰਕ) ਸਨ ਤਤਕਰਾ ਲਿਖਣ ਵੇਲੇ ਹਰਕੇ ਸ਼ਬਦ ਦੀ ਪਹਿਲੀ ਤੁਕ ਲਿਖ ਕੇ ਉਸ ਦੇ ਸਾਹਮਣੇ ਪਤੱਰੇ ਦਾ ਨੰਬਰ ਦਰਜ ਕਰਨਾ ਸੀ ਫਿਰ ਜਿਲਦ ਵੀ ਬਨਵਾਉਣੀ ਸੀ ਇਹ ਸਾਰੇ ੧੫ ਦਿਨਾਂ ਵਿਚ ਹੋਏ। ੧੬ ਸਤੰਬਰ ੧੬੦੪ ਨੂੰ ਆਦਿ ਬੀੜ ਜੀ ਨੂੰ ਰਾਮਸਰ ਤੋਂ ਦਰਬਾਰ ਸਾਹਿਬ (ਹਰਮੰਦਰ ਸਾਹਿਬ) ਲਿਆ ਕੇ ਪ੍ਰਕਾਸ਼ ਕਰ ਦਿਤਾ, ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੀ ਸੇਵਾ ਸੌਂਪੀ ਗਈ। ਪਹਿਲਾ ਵਾਕ (ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ) ਸੂਹੀ ਮ.੫ , ੭੮੩ ਅੰਕ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਲਿਖਵਾਈ, ਜਿਸ ਵਿਚ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਦਰਜ ਹੈ। 'ਦਮਦਮੀ ਬੀੜ' ਕਿਹਾ ਜਾਂਦਾ ਹੈ। ਆਪ ਜੀ ਜੋਤੀ - ਜੋਤ ਸਮਾਉਣ ਤੋਂ ਇੱਕ ਦਿਨ ਪਹਿਲਾਂ ਨਦੇੜ ਸਾਹਿਬ ਮਹਾਰਾਸ਼ਟਰ ਦੇ ਅਸਥਾਨ ਤੇ ੬ ਅਕਤੂਬਰ ਸੰਨ ੧੭੦੮ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ ਦਿਤੀ।

**"ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ"**

◆◆◆



# SIKH HERITAGE

## ਸਿੰਘ ਸਭਾ ਲਹਿਰ ਨੂੰ ਸਮਰਪਿਤ ਯਾਦਗਾਰੀ ਸਿੱਕੇ





ਐਲਟਨ ਮਿਲ ਆਰਟਸ ਸੈਂਟਰ, ਕੈਨੇਡਾ ਵਿੱਖੇ **ਆਓ ਬਣੀਏ ਗੁਰਸਿੱਖ ਪਿਆਰਾ** ਦੀ ਟੀਮ ਵਲੋਂ 'ਸਿੰਘ ਸਭਾ ਲਹਿਰ' ਦੇ 150 ਸਾਲਾ (1873-2023) ਨੂੰ ਸਮਰਪਿਤ ਯਾਦਗਾਰੀ ਸਿੱਕੇ ਸਿੱਖ ਪਰਿਵਾਰਾਂ ਨੂੰ ਭੇਟ ਕੀਤੇ। ਜ਼ਿਕਰਯੋਗ ਹੈ 'ਸਿੰਘ ਸਭਾ ਲਹਿਰ' ਸਿੱਖਾਂ ਦੀ ਇਕ ਸਮਾਜ ਸੁਧਾਰਕ ਧਾਰਮਿਕ ਲਹਿਰ ਸੀ ਜਿਹੜੀ ਉਨ੍ਹੀਵੀਂ ਸਦੀ ਦੇ ਸੱਤਰਵਿਆਂ ਵਿਚ ਇਕ ਵਿਸ਼ੇਸ਼ ਗੰਭੀਰ ਰੂਪ ਅਖਤਿਆਰ ਕਰਦੀ ਹੋਈ ਉਸ ਸਮੇਂ ਪੁਨਰ-ਸੁਰਜੀਤੀ ਦੇ ਰੂਪ ਵਿਚ ਸਾਹਮਣੇ ਆਈ ਸੀ ਜਦੋਂ ਸਿੱਖ ਧਰਮ ਆਪਣੇ ਨਿਘਾਰ ਵੱਲ ਵੱਧ ਰਿਹਾ ਸੀ। ਇਸ ਲਹਿਰ ਦਾ ਮਨੋਰਥ ਸਿੱਖ ਧਰਮ ਦੇ ਮੌਲਿਕ ਪ੍ਰੇਰਨਾਂ ਸ੍ਰੋਤਾਂ ਨੂੰ ਲੱਭਣਾ ਅਤੇ ਅਨਮਤੀ ਪ੍ਰਚਾਰ ਦੇ ਵਿਰੋਧ 'ਚ ਅਵਾਜ਼ ਬੁਲੰਦ ਕਰਕੇ ਸਿੱਖੀ ਨੂੰ ਮੁੜ ਚੜ੍ਹਦੀਕਲਾ ਬਖਸ਼ਣਾ ਸੀ।

## Indian Medical Graduates Can Now Practise In US, Australia, Canada



The National Medical Commission (NMC), India, has been being awarded the coveted World Federation for Medical Education (WFME) Recognition Status for a tenure of 10 years, according to a press release from the Union Health Ministry. WFME recognition will enable Indian medical graduates to pursue postgraduate training and practice in other countries that require WFME recognition, such as the United States, Canada, Australia, and New Zealand, the release added.

Under this accreditation all the 706 existing medical colleges become WFME accredited and the new medical colleges that will be set up in the coming 10 years will automatically become WFME accredited. This will also make India an attractive destination for international students due to our globally recognized standards.

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਮੌਜੂਦਾ ਗਿਆਨ ਤੇ ਪੜਾਈ ਦੇ ਯੁਗ ਵਿਚ ਕਿਹੜੀ ਗਲ ਸਾਰਥਕ ਹੈ?**

a. ਹਥਿਆਰ b. ਲੜਾਈ
c. ਸੂਝ d. ਮੋਰਚਾ

**2. ਕੌਮੀ ਏਕਤਾ ਲਈ ਕੀ ਕਰਣ ਦੀ ਲੋੜ ਹੈ?**

a. ਲੋੜਵੰਦ ਸਿੱਖਾਂ ਦੀ ਮਦਦ b. ਆਪਸੀ ਤਾਲਮੇਲ ਤੇ ਸਹਿਯੋਗ
c. ਜਾਤ ਪਾਤ ਨ ਮੰਨਣਾ d. ਇਹ ਸਾਰੇ ਹੀ

**3. ਗੁਰਮਤ ਅਨੁਸਾਰ ਹੇਠ ਲਿਖੇ ਵਿੱਚੋਂ ਕੀ ਪ੍ਰਵਾਨ ਹੈ?**

a. ਚੌਪਹਿਰਾ b. ਸੰਪਟ ਪਾਠ
c. ਅਖੰਡ ਪਾਠ d. ਸਹਿਜ ਪਾਠ

**4. ਗੁਰੂ ਨਾਨਕ ਸਾਹਿਬ ਦਾ ਮਿਸ਼ਨ ਘਰ ਘਰ ਪਹੁੰਚਾਉਣ ਲਈ ਹਰ ਗੁਰਸਿੱਖ ਨੂੰ ਕੀ ਉਪਰਾਲੇ ਕਰਨੇ ਚਾਹੀਦੇ?**

a. ਗੁਰਬਾਣੀ ਵਿਚਾਰ ਨਾਲ ਸਾਰੇ ਪਰਵਾਰ ਨੂੰ ਜੋੜਨਾ
b. ਆਪਣੇ ਰਿਸ਼ਤੇਦਾਰ ਤੇ ਮਿਤਰਾਂ ਨੂੰ ਗੁਰਬਾਣੀ ਵਿਚਾਰ ਦੀ ਪੁਸਤਕ ਭੇਟ ਕਰਨਾ
c. ਅੰਧਵਿਸ਼ਵਾਸ ਤੋਂ ਬਿਬੇਕ ਬੁਧ ਵਲ ਸਫਰ
d. ਇਹ ਸਾਰੇ ਹੀ ਉਪਰਾਲੇ

(ਦੇਖੋ ਉੱਤਰ ਪੰਨਾ 4 'ਤੇ)

Explore the World with
Amar Holidays Pvt. Ltd.

Gurpreet Singh
Director
(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

# HEALTH

## *Understanding the Dangers of Substance Abuse on Health*

Taranpreet Singh CA

### Introduction:

Addiction to any substance, whether legal or illegal, can in some cases lead to serious health conditions. Unfortunately, substance abuse and addiction have reached epidemic proportions in many parts of the world. Substance abuse, also known as substance use disorder (SUD) or drug abuse, refers to the harmful or hazardous use of psychoactive substances, including alcohol and illicit drugs. Substance abuse involves a pattern of behaviors where individuals consume these substances in ways that are harmful to themselves or others.

Substance abuse can have severe and wide-ranging effects on both physical and mental health. It's crucial to understand these dangers to appreciate the importance of prevention and treatment. Here are some of the key dangers of substance abuse on health:

1. Physical Health Effects:- Organ Damage, Respiratory issues, Weakened Immune system, Risk of Overdose
2. Mental Health Effects:- Depression and Anxiety, Psychosis, Cognitive Impairment
3. Social and Behavioral Consequences:- Isolation, Legal Problems, Financial Hardship
4. Risk of Accidents and Injuries:- Impaired Judgment, DUI and Traffic Accidents
5. Risk of Infectious Diseases:- HIV and Hepatitis
6. Negative Impact on Quality of Life

### Conclusion

It's important to note that the specific dangers of substance abuse can vary depending on the type of substance, the frequency and duration of use, and individual factors. If you or someone you know is struggling with substance abuse, seeking help from healthcare professionals and support groups is essential to mitigate these dangers and work towards recovery. Early intervention and treatment can significantly improve outcomes and quality of life..





## SIKH MATRIMONIALS

Gursikh Amritdhari girl 32/5'5"/M.Com/Prabhakar/ Music Teacher /Looking for Canada ,US Boy Contact +91 9650645098

Gursikh Boy 32/ MCom/ Pursuing CPA/ Working in Toronto,Canada/Sister in UK/Contact Mother +91 75893 16157

Gursikh girl 25/5'2"/BSc Hons./ B.Ed Windsor Canada/Teacher in Windsor, Ontario/ Parents Govt Servants/ Contact +919868728293

Gursikh girl 30 / 5'2'"/BTech/ Working Canada /115K/Parents Banker/ Sikh boy in Canada preferred/ Contact +91 98186-49459 CST-F-93/19


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. D 4. D

Chief Editor: Dr. Harjinder Singh Editor: Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)


email: canadasikhtimes@gmail.com, M: +1 437 673 7555